# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab@yahoo.co.in |
| 2621106 | 2623206 | ssapunjab_egs@yahoo.co.in |
| 2623207 | | egspunjab@gmail.com |


ਵੱਲ:

ਪ੍ਰਧਾਨ
ਗਲੋਬ ਪੀਸ ਮੀਸ਼ਨ ਕੇਅਰ ਆਫ ਦੌਲਤ ਰਾਮ ਮੈਮੋਰਿਅਲ ਹਸਪਤਾਲ,
ਬਟਾਲਾ
ਗੁਰਦਾਸਪੁਰ।

ਮੀਮੋ ਨੰ: SSA/EGS/NGO/RBC/2008/25861
ਮਿੱਤੀ ਚੰਡੀਗੜ੍ਹ: 18-02-10

**ਵਿਸ਼ਾ: - ਗੈਰ ਸਰਕਾਰੀ ਸੰਗਠਨ ਗਲੋਬ ਪੀਸ ਮੀਸ਼ਨ ਨੂੰ ਮਾੜੀ ਕਾਰਗੁਜ਼ਾਰੀ ਵੱਜੋਂ ਬਲੈਕ ਲਿਸਟ ਕਰਨ ਬਾਰੇ।**

**ਹਵਾਲਾ: -** ਇਸ ਦਫ਼ਤਰ ਦੇ ਪੱਤਰ ਨੰ: ASPD(EGS)/SSA/NGO/RBC/2008/42158 ਅਤੇ 55128-55129, ਮਿਤੀ: 21-05-2009 ਅਤੇ 09-07-2009

**1.0** ਇਸ ਦਫ਼ਤਰ ਵਲੋਂ ਜਾਰੀ ਕੀਤੇ ਹਵਾਲਾ ਅਧੀਨ ਪਿਠ ਅੰਕਿਤ ਨੰਬਰ ਦੀ ਲਗਾਤਾਰਤਾ ਵਿਚ ਆਪ ਨੂੰ ਮੁੜ ਦੱਸਿਆ ਜਾਂਦਾ ਹੈ ਕਿ ਆਪ ਦੀ ਸੰਸਥਾ ਅਤੇ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿਚਕਾਰ ਮਿਤੀ: 18-01-2009 ਅਤੇ 27-02-2009 ਨੂੰ ਕੀਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ 8-14 ਸਾਲ ਦੇ ਸਕੂਲੋਂ ਵਿਰਵੇ 150 ਬੱਚਿਆਂ ਨੂੰ 6-8 ਮਹੀਨੇ ਦਾ ਰਿਹਾਇਸ਼ੀ ਬ੍ਰਿਜ ਕੋਰਸ ਕਰਵਾਉਣ ਉਪਰੰਤ ਉਹਨਾ ਨੂੰ ਉਮਰ ਅਤੇ ਮਾਨਸਕ ਪੱਧਰ ਅਨੁਸਾਰ ਫਾਰਮਲ ਸਕੂਲਾਂ ਵਿਚ ਦਾਖਲ ਕਰਵਾਉਣਾ ਅਤੇ ਇਹਨਾ ਬੱਚਿਆਂ ਦੀ 6 ਮਹੀਨੇ ਤੱਕ ਮੋਨਿੰਟਰਿੰਗ ਕਰਨ ਦੀ ਪੂਰੀ ਜੁੰਮੇਵਾਰੀ ਗਲੋਬ ਪੀਸ ਮਿਸ਼ਨ ਦੀ ਸੀ।

**2.0** ਆਪ ਵਲੋਂ ਸ਼ੁਰੂ ਕੀਤੇ ਗਏ ਆਰ.ਬੀ.ਸੀ ਕੇਂਦਰ ਦਾ ਜ਼ਿ.ਸਿ.ਅ(ਐ.ਸਿ) ਅਤੇ ਰਾਜ ਦੇ ਅਧਿਕਾਰੀਆਂ ਵਲੋਂ ਬਾਰ-ਬਾਰ ਨਿਰੀਖਣ ਕੀਤਾ ਗਿਆ ਅਤੇ ਹਰ ਨਿਰੀਖਣ ਦੌਰਾਨ ਗਭੀਰ ਕਮੀਆਂ ਜਿਵੇਂ ਕਿ ਕਈ ਬੱਚਿਆਂ ਨੂੰ 2 ਬਾਰ ਦਾਖਲ ਕਰਕੇ ਵਾਧੂ ਇੰਦਰਾਜ ਕੀਤੇ ਹੋਏ ਹਨ, ਬੱਚਿਆਂ ਨੂੰ ਲੋੜੀਂਦੇ ਦਿਨ੍ਹਾ ਦੀ ਪੜ੍ਹਾਈ ਨਹੀ ਕਰਵਾਈ ਗਈ ਕਿਉਂ ਕਿ ਉਹਨਾ ਨੂੰ ਆਪ ਵਲੋਂ ਆਪਣੇ ਪੱਧਰ ਤੇ ਵਾਰ ਵਾਰ ਛੁੱਟੀਆਂ ਕਰ ਦਿੱਤੀਆ ਗਈਆਂ ਸਨ, ਮੇਨਸਟਰੀਮ ਕੀਤੇ 151 ਬੱਚਿਆਂ ਦੀ ਲਿਸਟ ਜੋ ਆਪ ਵਲੋਂ ਦਿੱਤੀ ਗਈ ਹੈ ਉਸ ਵਿਚੋਂ ਕੇਵਲ 55 ਬੱਚੇ ਹੀ ਰੈਗੁਲਰ ਸਕੂਲ ਵਿਚ ਦਾਖਲ ਹਨ ਆਦਿ ਪਾਈਆਂ ਗਈਆਂ ਹਨ।

**3.0** ਇਸ ਉਪਰੰਤ ਕਿ ਜ਼ਿ.ਸਿ.ਅ(ਐ.ਸਿ) ਵਲੋਂ ਉੱਕਤ ਕੇਂਦਰ ਨੂੰ ਸੀਲ ਕਰਨ ਦੇ ਬਾਵਜੂਦ ਵੀ ਆਪ ਵੱਲੋਂ ਨਵੇਂ ਰਜਿਸਟਰ ਲਗਾ ਕੇ ਕੇਂਦਰ ਨੂੰ ਚਲਾਉਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ ਗਈ। ਝੂਠੇ ਏ-ਰੋਲਜ਼, ਝੂਠੀ ਐਨਰੋਲਮੈਂਟ, ਝੂਠੀ ਖਾਣੇ ਦੀ ਖਪਤ, ਝੂਠੀ ਮੇਨਸਟਰੀਮਿੰਗ ਅਤੇ ਆਪ ਵਲੋਂ ਅਜੇਹੇ ਕਈ ਹੋਰ ਨਜ਼ਾਇਜ਼ ਤਰੀਕੇ ਵਰਤੇ ਗਏ ਜੋ ਕਿ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਆਪ ਦੀ ਸੰਸਥਾ ਨਾ ਲਾਭ ਅਤੇ ਨਾ ਘਾਟੇ ਦੀ ਨੀਤੀ ਵਿਚ ਨਹੀ ਬਲਕਿ ਸਿਰਫ ਲਾਭ ਬਣਾਉਣ ਦੀ ਨੀਤੀ ਤੇ ਕੰਮ ਕਰਦੀ ਹੈ।

**4.0** ਆਰ.ਬੀ.ਸੀ ਕੇਂਦਰ ਨੂੰ ਇਕਰਾਰਨਾਮੇ ਦੀਆਂ ਸਰਤਾਂ ਅਨੁਸਾਰ ਨਾ ਚਲ੍ਹਾ ਕਿ ਜਿਥੇ ਤੁਹਾਡੀ ਸੰਸਥਾ ਨੇ ਸਰਕਾਰ ਨੂੰ ਵਿੱਤੀ ਨੁਕਸਾਨ ਪਹੁਚਾਇਆ ਹੈ ਉਥੇ ਮਾਸੂਮ ਬੱਚਿਆਂ ਦੇ ਭੱਵਿਖ ਨਾਲ ਵੀ ਖਿਲਵਾੜ ਕੀਤਾ ਹੈ।

**5.0** ਆਪ ਦੀ ਮਾੜੀ ਅਤੇ ਬੇਨਿਯਤ ਕਾਰਗੁਜ਼ਾਰੀ ਵਜੋਂ ਸਰਵ ਸਿੱਖਿਆ ਅਭਿਆਨ ਅਥਾਰਟੀ ਵਲੋਂ ਆਪਦੀ ਸੰਸਥਾ ਗਲੋਬ ਪੀਸ ਮਿਸ਼ਨ ਨੂੰ ਬਲੈਕ ਲਿਸਟ ਕਰਣ ਦਾ ਫੈਸਲਾ ਕੀਤਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: SSA/EGS/NGO/RBC/2008/25862 ਮਿਤੀ:18-02-10

ਉਪਰੋਕਤ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਹੁਸ਼ਿਆਰਪੁਰ ਵਲੋਂ ਪ੍ਰਾਪਤ ਹੋਈ ਰਿਪੋਰਟ ਦੇ ਦੇ ਸਬੰਧ ਵਿਚ ਭੇਜਿਆ ਜਾਂਦਾ ਹੈ ਅਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਵਲੋਂ ਗੈਰ ਸਰਕਾਰੀ ਸੰਗਠਨ ਗਲੋਬ ਪੀਸ ਮਿਸ਼ਨ ਨੂੰ ਤੱਤਕਾਲ ਸਮੇਂ ਤੋਂ ਬਲੈਕ ਲਿਸਟ ਕੀਤਾ ਜਾਂਦਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: SSA/EGS/NGO/RBC/2008/25863 ਮਿਤੀ:18-02-10

ਉਪਰੋਕਤ ਉਤਾਰਾ ਡਾਇਰੈਕਟਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: SSA/EGS/NGO/RBC/2008/25864 ਮਿਤੀ:18-02-10

ਉਪਰੋਕਤ ਦਾ ਉਤਾਰਾ ਸੱਕਤਰ ਸਕੂਲ ਸਿੱਖਿਆ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: SSA/EGS/NGO/RBC/2008/25865 ਮਿਤੀ:18-02-10

ਉਪਰੋਕਤ ਦਾ ਉਤਾਰਾ ਨਿਲਮ ਰਾਓ, ਡਾਇਰੈਕਟਰ ਮਾਨਵ ਸੰਸਾਧਨ ਵਿਕਾਸ ਮੰਤਾਰਾਲਾ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਸ਼ਾਸਤਰੀ ਭਵਨ, ਨਵੀਂ ਦਿੱਲੀ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**